Washington State
Health Care Authority

# Apple Health ਟੈਕਸਟ ਮੈਸੇਜ

ਮਈ 2023 ਤੋਂ ਸ਼ੁਰੂ ਕਰਦੇ ਹੋਏ, ਹੈਲਥ ਕੇਅਰ ਅਥਾਰਟੀ (HCA) ਗਾਹਕਾਂ ਨੂੰ ਬੀਮਾਯੁਕਤ ਬਣੇ ਰਹਿਣ ਲਈ ਨਵਿਆਉਣ ਦੀ ਪ੍ਰਕਿਰਿਆ ਨੂੰ ਪੂਰਾ ਕਰਨ ਵਾਸਤੇ ਸੂਚਿਤ ਕਰਨ ਲਈ ਇੱਕ ਟੈਕਸਟ ਮੈਸੇਜ ਭੇਜ ਰਹੀ ਹੈ।

HCA, ਡਿਪਾਰਟਮੈਂਟ ਆੱਫ਼ ਸੋਸ਼ਲ ਐਂਡ ਹੈਲਥ ਸਰਵਿਸਿਜ਼ (DSHS) ਦੀ ਤਰਫੋਂ, ਉਹਨਾਂ ਗਾਹਕਾਂ ਨੂੰ ਵੀ ਟੈਕਸਟ ਮੈਸੇਜ ਭੇਜ ਰਹੀ ਹੈ ਜਿਨ੍ਹਾਂ ਨੂੰ ਪਾਤਰਤਾ ਸਮੀਖਿਆ ਨੂੰ ਜਮ੍ਹਾਂ ਕਰਾਉਣ ਦੀ ਲੋੜ ਹੈ।

## Apple Health (Medicaid)

Apple Health ਕਵਰੇਜ ਵਿੱਚ ਉਹ ਵਿਅਕਤੀ ਸ਼ਾਮਲ ਹੁੰਦੇ ਹਨ ਜੋ:

- 19 ਤੋਂ 64 ਸਾਲ ਦੀ ਉਮਰ ਦੇ ਬਾਲਗ ਹਨ।
- ਬੱਚਿਆਂ ਲਈ ਅਪਲਾਈ ਕਰ ਰਹੇ ਹਨ।
- ਮਾਤਾ-ਪਿਤਾ ਜਾਂ ਦੇਖਭਾਲਕਰਨ ਵਾਲੇ ਬੱਚਿਆਂ ਦੇ ਨਾਲ ਅਪਲਾਈ ਕਰ ਰਹੇ ਹਨ ।
- ਗਰਭਵਤੀ ਹਨ ਜਾਂ ਕਿਸੇ ਗਰਭਵਤੀ ਵਿਅਕਤੀ ਲਈ ਅਪਲਾਈ ਕਰ ਰਹੇ ਹਨ।

### ਟੈਕਸਟ ਮੈਸੇਜ

Apple Health ਦੇ ਗਾਹਕਾਂ ਨੂੰ ਹੇਠਾਂ ਦਿੱਤੇ ਟੈਕਸਟ ਮੈਸੇਜ ਪ੍ਰਾਪਤ ਹੋ ਸਕਦੇ ਹਨ, ਜੇ ਇਹ ਸਮਾਂ ਉਹਨਾਂ ਦੇ ਕਵਰੇਜ ਨੂੰ ਨਵਿਆਉਣ ਦਾ ਹੈ।

| |
|---|
| Apple Health (Medicaid): ਮੈਸੇਜ ਦੀ ਬਾਰੰਬਾਰਤਾ ਵੱਖਰੀ ਹੁੰਦੀ ਹੈ। ਮੈਸੇਜ ਅਤੇ ਡੇਟਾ ਦਰਾਂ ਲਾਗੂ ਹੋ ਸਕਦੀਆਂ ਹਨ। ਆੱਪਟ-ਆਉਟ ਕਰਨ ਲਈ STOP ਰਿਪਲਾਈ ਕਰੋ। ਮਦਦ ਲਈ ਜਾਂ ਨਿਯਮ ਅਤੇ ਸ਼ਰਤਾਂ ਦੇਖਣ ਲਈ, hca.wa.gov/text 'ਤੇ ਜਾਓ |
| ਇਹ ਬੀਮਾਯੁਕਤ ਬਣੇ ਰਹਿਣ ਲਈ Apple Health ਕਵਰੇਜ ਨੂੰ ਨਵਿਆਉਣ ਦਾ ਸਮਾਂ ਹੈ। ਮਹੀਨੇ ਦੀ ਸਮਾਪਤੀ ਤੋਂ ਪਹਿਲਾਂ, wahealthplanfinder.org 'ਤੇ ਜਾਓ। |

### ਮੈਂ ਆਪਣਾ ਨਵੀਨੀਕਰਨ ਕਿਵੇਂ ਪੂਰਾ ਕਰਾਂ?

ਕਵਰੇਜ ਨੂੰ ਨਵਿਆਉਣ ਲਈ ਕਈ ਵਿਕਲਪ ਮੌਜੂਦ ਹਨ:

- **ਆੱਨਲਾਈਨ**: ਇਸਤੇ ਜਾਓWashington Healthplanfinder
- **ਮੋਬਾਈਲ ਐਪ**: ਇਹ ਡਾਊਨਲੋਡ ਕਰੋWAPlanfinder app
- **ਫੋਨ**: ਵਾਸ਼ਿੰਗਟਨ ਹੈਲਥਪਲਾਨਫਾਈਂਡਰ ਗਾਹਕ ਸਹਾਇਤਾ ਕੇਂਦਰ ਨੂੰ 1-855-923-4633 'ਤੇ ਕਾੱਲ ਕਰੋ।
- **ਦਸਤਾਵੇਜ਼**: ਸਿਹਤ ਸੰਭਾਲ ਕਵਰੇਜ ਲਈ ਅਰਜ਼ੀ (18-001P) ਜਮ੍ਹਾਂ ਕਰੋ।
- **ਵਿਅਕਤੀਗਤ ਤੌਰ ਤੇ**: ਸਥਾਨਕ ਸਰੋਤ ਜੋ ਬਿਨਾਂ ਕਿਸੇ ਵਾਧੂ ਕੀਮਤ ਤੇ ਸਿਹਤ ਕਵਰੇਜ ਲਈ ਅਰਜ਼ੀ ਦੇਣ ਵਿੱਚ ਗਾਹਕਾਂ ਦੀ ਮਦਦ ਕਰ ਸਕਦੇ ਹਨ।
  ਸਥਾਨਕ ਨਾਮਾਂਕਣ ਸਹਾਇਤਾ | ਨਕਸ਼ਾ

ਕਵਰੇਜ ਨੂੰ ਨਵਿਆਉਣ ਬਾਰੇ ਹੋਰ ਜਾਣੋ।

## Classic Medicaid

Classic Medicaid ਕਵਰੇਜ ਵਿੱਚ ਉਹ ਵਿਅਕਤੀ ਸ਼ਾਮਲ ਹੁੰਦੇ ਹਨ ਜੋ:

- 65 ਸਾਲ ਜਾਂ ਵੱਧ ਉਮਰ ਦੇ ਬਾਲਗ ਹਨ।
- ਉਹਨਾਂ ਨੂੰ ਅੰਨ੍ਹਾਪਨ ਜਾਂ ਅਪਾਹਜਤਾ ਹੈ।
- Medicare ਲਈ ਪਾਤਰ ਹਨ।
- ਲੰਮੀ-ਮਿਆਦ ਦੀਆਂ ਸੇਵਾਵਾਂ ਅਤੇ ਸਹਾਇਤਾ ਦੀ ਲੋੜ ਹੈ।

### ਮੈਨੂੰ DSHS ਦੇ ਰਾਹੀਂ ਸਿਹਤ ਸੰਭਾਲ ਕਵਰੇਜ ਪ੍ਰਾਪਤ ਹੁੰਦੀ ਹੈ। HCA ਮੈਨੂੰ ਟੈਕਸਟ ਕਿਉਂ ਭੇਜ ਰਹੇ ਹਨ?

HCA ਵਾਸ਼ਿੰਗਟਨ ਸਟੇਟ ਦੀ Medicaid ਏਜੰਸੀ ਹੈ, ਅਤੇ ਅਸੀਂ DSHS ਦੀ ਤਰਫੋਂ ਟੈਕਸਟ ਮੈਸੇਜ ਭੇਜ ਰਹੇ ਹਾਂ। DSHS, Medicaid ਦਾ ਪ੍ਰਬੰਧਨ ਕਰਦਾ ਹੈ, ਜਿਸਨੂੰ Classic Medicaid ਵੀ ਕਿਹਾ ਜਾਂਦਾ ਹੈ, ਜੋ 65 ਸਾਲ ਤੋਂ ਵੱਧ ਉਮਰ ਦੇ, Medicare 'ਤੇ ਨਿਰਭਰ ਜਾਂ ਅਪਾਹਜਤਾ ਜਾਂ ਔਝੜ ਵਾਲੇ ਲੋਕਾਂ ਵਾਸਤੇ ਹੈ।

### ਟੈਕਸਟ ਮੈਸੇਜ

DSHS ਦੇ ਰਾਹੀਂ ਕਵਰੇਜ ਪ੍ਰਾਪਤ ਕਰਨ ਵਾਲੇ Classic Medicaid ਦੇ ਗਾਹਕਾਂ ਨੂੰ ਹੇਠਾਂ ਦਿੱਤੇ ਟੈਕਸਟ ਮੈਸੇਜ ਪ੍ਰਾਪਤ ਹੋ ਸਕਦੇ ਹਨ, ਜੇ ਇਹ ਸਮਾਂ ਉਹਨਾਂ ਦੇ ਕਵਰੇਜ ਨੂੰ ਨਵਿਆਉਣ ਦਾ ਹੈ।

| Apple Health (Medicaid): ਮੈਸੇਜ ਦੀ ਬਾਰੰਬਾਰਤਾ ਵੱਖਰੀ ਹੁੰਦੀ ਹੈ। ਮੈਸੇਜ ਅਤੇ ਡੇਟਾ ਦਰਾਂ ਲਾਗੂ ਹੋ ਸਕਦੀਆਂ ਹਨ। ਔਪਟ-ਆਊਟ ਕਰਨ ਲਈ STOP ਰਿਪਲਾਈ ਕਰੋ। ਮਦਦ ਲਈ ਜਾਂ ਨਿਯਮ ਅਤੇ ਸ਼ਰਤਾਂ ਦੇਖਣ ਲਈ, hca.wa.gov/texts 'ਤੇ ਜਾਓ |
|---|
| ਇਹ ਬੀਮਾਯੁਕਤ ਬਣੇ ਰਹਿਣ ਲਈ DSHS ਪਾਤਰਤਾ ਸਮੀਖਿਆਵਾਂ ਨੂੰ ਪੂਰਾ ਕਰਨ ਦਾ ਸਮਾਂ ਹੈ। ਮਹੀਨੇ ਦੀ ਸਮਾਪਤੀ ਤੋਂ ਪਹਿਲਾਂ ਨਵਿਆਉਣ ਲਈ wahealthplanfinder.org 'ਤੇ ਜਾਓ। |

### ਮੈਂ ਆਪਣੀ ਪਾਤਰਤਾ ਸਮੀਖਿਆ ਨੂੰ ਕਿਵੇਂ ਪੂਰਾ ਕਰਾਂ?

ਕਵਰੇਜ ਨੂੰ ਨਵਿਆਉਣ ਲਈ ਕਈ ਵਿਕਲਪ ਮੌਜੂਦ ਹਨ:

- **ਔਨਲਾਈਨ:** ਇਸਤੇ ਜਾਓ Washington Connection.
- **ਦਸਤਾਵੇਜ਼**: ਬਿਰਧ, ਨੇਤਰਹੀਣ ਅਪਾਹਜ/ਲੰਮੀ-ਮਿਆਦ ਦੀ ਦੇਖਭਾਲ ਕਵਰੇਜ (HCA 18-005) ਲਈ ਅਰਜ਼ੀ ਜਮ੍ਹਾਂ ਕਰੋ।
- **ਫੋਨ:** 1-877-501-2233 'ਤੇ ਕਾੱਲ ਕਰਕੇ ਇੱਕ ਅਰਜ਼ੀ ਦੀ ਬੇਨਤੀ ਕਰੋ।
- **ਵਿਅਕਤੀਗਤ ਤੌਰ ਤੇ**: ਸਥਾਨਕ ਡਿਪਾਰਟਮੈਂਟ ਆੱਫ਼ ਸੋਸ਼ਲ ਐਂਡ ਹੈਲਥ ਸਰਵਿਸਿਜ਼ (DSHS) ਬਾਰੇ ਦਫ਼ਤਰ ਵਿੱਚ ਜਾਓ।
  - ਬਿਰਧ, ਨੇਤਰਹੀਣ ਜਾਂ ਅਪਾਹਜ ਸਬੰਧੀ ਕਵਰੇਜ ਲਈ: DSHS ਭਾਈਚਾਰਕ ਸੇਵਾਵਾਂ ਬਾਰੇ ਦਫ਼ਤਰ
  - ਲੰਮੀ-ਮਿਆਦ ਦੀਆਂ ਸੇਵਾਵਾਂ ਅਤੇ ਸਹਾਇਤਾ ਲਈ: ਹੋਮ ਅਤੇ ਭਾਈਚਾਰਕ ਸੇਵਾਵਾਂ ਬਾਰੇ ਦਫ਼ਤਰ

ਕਵਰੇਜ ਨੂੰ ਨਵਿਆਉਣ ਬਾਰੇ ਹੋਰ ਜਾਣੋ।

## Classic Medicaid ਜਾਂ Medicare ਵਿੱਚ ਤਬਦੀਲੀ

### ਟੈਕਸਟ ਮੈਸੇਜ

Classic Medicaid ਜਾਂ Medicare ਕਵਰੇਜ ਵਿੱਚ ਤਬਦੀਲੀ ਕਰਨ ਵਾਲੇ ਗਾਹਕਾਂ ਨੂੰ ਹੇਠਾਂ ਦਿੱਤੇ ਟੈਕਸਟ ਮੈਸੇਜ ਪ੍ਰਾਪਤ ਹੋ ਸਕਦੇ ਹਨ, ਜੇ ਇਹ ਸਮਾਂ ਉਹਨਾਂ ਦੇ ਕਵਰੇਜ ਨੂੰ ਤਬਦੀਲ ਕਰਨ ਅਤੇ DSHS ਕੋਲ ਅਪਲਾਈ ਕਰਨ ਦਾ ਹੈ। ਅਜਿਹਾ ਉਦੋਂ ਹੁੰਦਾ ਹੈ ਜਦੋਂ ਕੋਈ ਗਾਹਕ 65 ਸਾਲ ਦੀ ਉਮਰ ਦਾ ਹੋ ਜਾਂਦਾ ਹੈ ਜਾਂ Medicare ਲਈ ਪਾਤਰ ਹੋ ਜਾਂਦਾ ਹੈ।

| Apple Health (Medicaid): ਮੈਸੇਜ ਦੀ ਬਾਰੰਬਾਰਤਾ ਵੱਖਰੀ ਹੁੰਦੀ ਹੈ। ਮੈਸੇਜ ਅਤੇ ਡੇਟਾ ਦਰਾਂ ਲਾਗੂ ਹੋ ਸਕਦੀਆਂ ਹਨ। ਔਪਟ-ਆਊਟ ਕਰਨ ਲਈ STOP ਰਿਪਲਾਈ ਕਰੋ। ਮਦਦ ਲਈ ਜਾਂ ਨਿਯਮ ਅਤੇ ਸ਼ਰਤਾਂ ਦੇਖਣ ਲਈ, hca.wa.gov/help 'ਤੇ ਜਾਓ |
|---|
| Medicaid ਜਾਂ Medicare ਬਚਤ ਪ੍ਰੋਗਰਾਮਾਂ ਲਈ ਅਪਲਾਈ ਕਰਨ ਵਾਸਤੇ ਹੁਣੇ ਕਾਰਵਾਈ ਕਰੋ। ਮਹੀਨੇ ਦੀ ਸਮਾਪਤੀ ਤੋਂ ਪਹਿਲਾਂ ਨਵਿਆਉਣ ਲਈ wahealthplanfinder.org 'ਤੇ ਜਾਓ। |

### ਮੈਂ Classic Medicaid ਜਾਂ Medicare ਲਈ ਅਪਲਾਈ ਕਿਵੇਂ ਕਰਾਂ?

ਕਵਰੇਜ ਨੂੰ ਨਵਿਆਉਣ ਲਈ ਕਈ ਵਿਕਲਪ ਮੌਜੂਦ ਹਨ:

- **ਔਨਲਾਈਨ:** ਇਸਤੇ ਜਾਓ Washington Connection.
- **ਦਸਤਾਵੇਜ਼**: ਬਿਰਧ, ਨੇਤਰਹੀਣ ਅਪਾਹਜ/ਲੰਮੀ-ਮਿਆਦ ਦੀ ਦੇਖਭਾਲ ਕਵਰੇਜ (HCA 18-005) ਲਈ ਅਰਜ਼ੀ ਜਮ੍ਹਾਂ ਕਰੋ।
- **ਫੋਨ:** 1-877-501-2233 'ਤੇ ਕਾੱਲ ਕਰਕੇ ਇੱਕ ਅਰਜ਼ੀ ਦੀ ਬੇਨਤੀ ਕਰੋ।
- **ਵਿਅਕਤੀਗਤ ਤੌਰ ਤੇ**: ਸਥਾਨਕ ਡਿਪਾਰਟਮੈਂਟ ਆੱਫ਼ ਸੋਸ਼ਲ ਐਂਡ ਹੈਲਥ ਸਰਵਿਸਿਜ਼ (DSHS) ਬਾਰੇ ਦਫ਼ਤਰ ਵਿੱਚ ਜਾਓ।
  - ਬਿਰਧ, ਨੇਤਰਹੀਣ ਜਾਂ ਅਪਾਹਜ ਸਬੰਧੀ ਕਵਰੇਜ ਲਈ: DSHS ਭਾਈਚਾਰਕ ਸੇਵਾਵਾਂ ਬਾਰੇ ਦਫ਼ਤਰ
  - ਲੰਮੀ-ਮਿਆਦ ਦੀਆਂ ਸੇਵਾਵਾਂ ਅਤੇ ਸਹਾਇਤਾ ਲਈ: ਹੋਮ ਅਤੇ ਭਾਈਚਾਰਕ ਸੇਵਾਵਾਂ ਬਾਰੇ ਦਫ਼ਤਰ

ਕਵਰੇਜ ਨੂੰ ਨਵਿਆਉਣ ਬਾਰੇ ਹੋਰ ਜਾਣੋ।

Washington State Health Care Authority

# ਅਕਸਰ ਪੁੱਛੇ ਜਾਣ ਵਾਲੇ ਸਵਾਲ

## ਮੈਨੂੰ ਇਹ ਟੈਕਸਟ ਮੈਸੇਜ ਕਿਉਂ ਮਿਲ ਰਹੇ ਹਨ?

ਸਾਡੇ ਰਿਕਾਰਡ ਦਿਖਾਉਂਦੇ ਹਨ ਕਿ ਤੁਸੀਂ ਜਾਂ ਤੁਹਾਡੇ ਅਧਿਕਾਰਤ ਪ੍ਰਤੀਨਿਧੀ (AREP) ਨੇ ਸਾਨੂੰ ਤੁਹਾਡਾ ਫੋਨ ਨੰਬਰ ਪ੍ਰਦਾਨ ਕੀਤਾ ਹੈ। ਬੀਮਾਯੁਕਤ ਬਣੇ ਰਹਿਣ ਲਈ ਤੁਹਾਡੇ ਨਵੀਨੀਕਰਨ ਨੂੰ ਪੂਰਾ ਕਰਨ ਲਈ ਸਾਨੂੰ ਤੁਹਾਡੀ ਜਾਂ ਤੁਹਾਡੇ AREP ਦੀ ਲੋੜ ਹੈ। ਜੇ ਤੁਸੀਂ ਹਾਲ ਹੀ ਵਿੱਚ ਇਹ ਫੋਨ ਨੰਬਰ ਪ੍ਰਾਪਤ ਕੀਤਾ ਹੈ ਅਤੇ ਤੁਸੀਂ Apple Health ਜਾਂ Medicaid ਦੇ ਗਾਹਕ ਨਹੀਂ ਹੋ, ਤਾਂ ਤੁਸੀਂ ਟੈਕਸਟ ਨੂੰ ਅਣਡਿੱਠ ਕਰ ਸਕਦੇ ਹੋ ਅਤੇ ਔਪਟ-ਆਉਟ ਕਰ ਸਕਦੇ ਹੋ।

## ਟੈਕਸਟ ਮੈਸੇਜ ਕਿਸ ਨੰਬਰ ਤੋਂ ਆ ਰਹੇ ਹਨ?

HCA, 888-689-5016 ਤੋਂ ਟੈਕਸਟ ਮੈਸੇਜ ਭੇਜ ਰਿਹਾ ਹੈ।

## ਜੇ ਮੇਰੇ ਕੋਲ Apple Health ਜਾਂ Classic Medicaid ਕਵਰੇਜ ਨਹੀਂ ਹੈ ਤਾਂ ਕੀ ਹੋਵੇਗਾ?

ਜੇ ਤੁਹਾਡੇ ਕੋਲ Apple Health ਜਾਂ Classic Medicaid ਨਹੀਂ ਹੈ, ਤਾਂ ਸੰਭਾਵਤ ਤੌਰ 'ਤੇ ਸਾਡੇ ਕੋਲ ਕਿਸੇ ਅਜਿਹੇ ਵਿਅਕਤੀ ਲਈ ਪੁਰਾਣਾ ਜਾਂ ਗਲਤ ਫੋਨ ਨੰਬਰ ਹੈ। ਤੁਹਾਨੂੰ ਕੋਈ ਕਾਰਵਾਈ ਕਰਨ ਦੀ ਲੋੜ ਨਹੀਂ ਹੈ ਅਤੇ ਹੋਰ ਟੈਕਸਟ ਪ੍ਰਾਪਤ ਨਾ ਕਰਨ ਲਈ "“STOP” ਰਿਪਲਾਈ ਕਰ ਸਕਦੇ ਹੋ।

ਜੇ ਤੁਹਾਡੇ ਕੋਲ ਇੱਕ ਐਕਟਿਵ ProviderOne ਸੇਵਾਵਾਂ ਕਾਰਡ ਹੈ ਜਾਂ ਕਿਸੇ ਪ੍ਰਬੰਧਿਤ ਦੇਖਭਾਲ ਪਲਾਨ ਨੂੰ ਨਿਰਧਾਰਤ ਕੀਤਾ ਗਿਆ ਹੈ, ਤਾਂ ਤੁਹਾਡੇ ਕੋਲ Apple Health ਹੈ। ਪ੍ਰਬੰਧਿਤ ਦੇਖਭਾਲ ਪਲਾਨ

- ਅਮੇਰੀਗੁਰੱਪ ਵਾਸ਼ਿੰਗਟਨ
- ਕੋਆੱਰਟੀਨੇਟਿਡ ਕੇਅਰ ਆੱਫ਼ ਵਾਸ਼ਿੰਗਟਨ
- ਕਮਯੂਨਿਟੀ ਹੈਲਥ ਪਲਾਨ ਆੱਫ਼ ਵਾਸ਼ਿੰਗਟਨ
- ਮੋਲਿਨਾ ਹੈਲਥਕੇਅਰ ਆੱਫ਼ ਵਾਸ਼ਿੰਗਟਨ
- ਯੂਨਾਈਟਿਡਹੈਲਥਕੇਅਰ ਕਮਯੂਨਿਟੀ ਪਲਾਨ

## ਮੈਨੂੰ ਕਿੰਨੀ ਵਾਰ ਟੈਕਸਟ ਮੈਸੇਜ ਮਿਲੇਗਾ?

ਵਰਤਮਾਨ ਵਿੱਚ, ਅਸੀਂ ਸਿਰਫ਼ ਉਦੋਂ ਹੀ ਟੈਕਸਟ ਮੈਸੇਜ ਭੇਜ ਰਹੇ ਹਾਂ ਜਦੋਂ ਪਰਿਵਾਰ ਵਿੱਚ ਕਿਸੇ ਨੇ ਲੋੜੀਂਦਾ ਨਵੀਨੀਕਰਨ ਜਾਂ ਪਾਤਰਤਾ ਸਮੀਖਿਆ ਜਮ੍ਹਾਂ ਨਹੀਂ ਕੀਤੀ ਹੈ। ਜੇ ਤੁਸੀਂ ਆਪਣੇ ਪ੍ਰਬੰਧਿਤ ਦੇਖਭਾਲ ਪਲਾਨ ਤੋਂ ਟੈਕਸਟ ਮੈਸੇਜ ਪ੍ਰਾਪਤ ਕਰਨ ਦੀ ਚੋਣ ਕੀਤੀ ਹੈ, ਤਾਂ ਉਹ ਵੀ ਤੁਹਾਨੂੰ ਟੈਕਸਟ ਮੈਸੇਜ ਭੇਜ ਸਕਦੇ ਹਨ।

## ਜੇ ਮੈਨੂੰ ਕੋਈ ਹੋਰ ਟੈਕਸਟ ਨਹੀਂ ਚਾਹੀਦਾ ਤਾਂ ਕੀ ਕਰਨਾ ਹੋਵੇਗਾ?

ਹੋਰ ਟੈਕਸਟ ਮੈਸੇਜ ਪ੍ਰਾਪਤ ਨਾ ਕਰਨ ਲਈ "STOP" ਟੈਕਸਟ ਲਿੱਖਕੇ ਰਿਪਲਾਈ ਕਰੋ।

## ਮੈਨੂੰ ਇੱਕ ਟੈਕਸਟ ਮੈਸੇਜ ਮਿਲਿਆ ਜਿਸ ਵਿੱਚ ਕਿਹਾ ਗਿਆ ਸੀ ਕਿ ਮੈਨੂੰ ਆਪਣਾ ਕਵਰੇਜ ਰੱਖਣ ਲਈ ਫੋਨ 'ਤੇ ਭੁਗਤਾਨ ਕਰਨਾ ਪਏਗਾ। ਕੀ ਇਹ ਸੱਚ ਹੈ?

HCA, DSHS, ਅਤੇ ਵਾਸ਼ਿੰਗਟਨ ਹੈਲਥਪਲਾਨਫਾਇੰਡਰ (Washington Healthplanfinder) ਕਦੇ ਵੀ Apple Health ਕਵਰੇਜ ਵਿੱਚ ਨਾਮਾਂਕਣ ਜਾਂ ਮੁੜ-ਨਾਮਾਂਕਣ ਕਰਵਾਉਣ ਲਈ ਕੋਈ ਧਨਰਾਸ਼ੀ ਨਹੀਂ ਮੰਗਣਗੇ। ਘੋਟਾਲੇ ਕਰਨ ਵਾਲੇ ਇਹ ਦਾਅਵਾ ਕਰਦੇ ਹੋਏ ਗਾਹਕਾਂ ਨੂੰ ਟੈਕਸਟ ਭੇਜ ਰਹੇ ਹਨ ਅਤੇ ਕਾੱਲ ਕਰ ਰਹੇ ਹਨ ਕਿ ਉਹਨਾਂ ਨੂੰ ਆਪਣੇ Medicaid ਕਵਰੇਜ ਨੂੰ ਨਵਿਆਉਣ ਲਈ ਪੈਸੇ ਦਾ ਭੁਗਤਾਨ ਜ਼ਰੂਰ ਕਰਨਾ ਪਵੇਗਾ। HCA, DSHS, ਜਾਂ Apple Health ਤੋਂ ਤਰਫੋਂ ਹੋਣ ਦਾ ਦਾਅਵਾ ਕਰਨ ਵਾਲੇ ਕਿਸੇ ਵੀ ਵਿਅਕਤੀ ਦੇ ਨਾਲ ਬੈਂਕ ਜਾਂ ਕ੍ਰੈਡਿਟ ਕਾਰਡ ਦੀ ਜਾਣਕਾਰੀ ਸਾਂਝੀ ਨਾ ਕਰੋ।

ਜੇ ਤੁਹਾਨੂੰ ਕੋਈ ਫੋਨ ਕਾੱਲ ਜਾਂ ਟੈਕਸਟ ਮੈਜੇਸ ਮਿਲਦਾ ਹੈ ਜੋ ਤੁਹਾਨੂੰ ਲੱਗਦਾ ਹੈ ਕਿ ਇਹ ਕੋਈ ਘੁਟਾਲਾ ਹੈ, ਤਾਂ ਬੰਦ ਕਰੋ ਅਤੇ ਜਵਾਬ ਨਾ ਦਿਓ। ਤੁਸੀਂ ਸੰਭਾਵੀ ਧੋਖਾਧੜੀ ਦੀਆਂ ਸ਼ਿਕਾਇਤਾਂ ਦੀ HCA ਨੂੰ ਇਹਨਾਂ ਰਾਹੀਂ ਰਿਪੋਰਟ ਕਰ ਸਕਦੇ ਹੋ:

- ਈਮੇਲ: WAHeligibilityfraud@hca.wa.gov
- ਵੱਇਸਮੇਲ: (360) 725-0934
- ਫ਼ੈਕਸ: (360) 725-1158, ਧਿਆਨ ਦਿਓ: WA Apple Health ਸਬੰਧੀ ਧੋਖਾਧੜੀ

## ਮੈਂ ਸਵਾਲਾਂ ਲਈ ਕਿਸ ਨਾਲ ਸੰਪਰਕ ਕਰਾਂ?

**Apple Health (Medicaid)**: ਜੇ ਤੁਹਾਡੀ ਉਮਰ 65 ਸਾਲ ਤੋਂ ਘੱਟ ਹੈ, ਤੁਹਾਡਾ ਬੱਚਾ ਹੈ, ਜਾਂ ਗਰਭਵਤੀ ਹੋ, ਤਾਂ HCA ਮੈਡੀਕਲ ਸਹਾਇਤਾ ਗਾਹਕ ਸੇਵਾ ਕੇਂਦਰ ਨੂੰ 1-800-562-3022 'ਤੇ ਕਾੱਲ ਕਰੋ ਜਾਂ ਈਮੇਲ ਕਰੋ askmagi@hca.wa.gov.

**Classic Medicaid**: ਜੇ ਤੁਸੀਂ 65 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਹੋ, Medicare 'ਤੇ ਹੋ ਜਾਂ ਅੰਨ੍ਹੇਪਣ ਜਾਂ ਅਪਾਹਜਤਾ ਵਾਲੇ ਵਿਅਕਤੀ ਹੋ, ਤਾਂ DSHS ਗਾਹਕ ਸੇਵਾ ਕੇਂਦਰ ਨੂੰ 1-877-501-2233 'ਤੇ ਕਾੱਲ ਕਰੋ।

# ਵਾਇਰਲੈੱਸ ਨਿਯਮ ਅਤੇ ਸ਼ਰਤਾਂ ਅਤੇ ਗੋਪਨੀਯਤਾ ਨੀਤੀ

ਤੁਸੀਂ ਵਾਸ਼ਿੰਗਟਨ ਸਟੇਟ ਹੈਲਥ ਕੇਅਰ ਅਥਾਰਟੀ ਤੋਂ ਵਾਇਰਲੈੱਸ ਮੈਸੇਜ ਪ੍ਰਾਪਤ ਕਰਨ ਵਾਸਤੇ ਨਾਮਾਂਕਿਤ ਹੋ। ਇਸ ਐਲਰਟ ਸੇਵਾ ਨੂੰ ਸਬਸਕ੍ਰਾਇਬ ਕਰਕੇ, ਤੁਸੀਂ ਹੇਠਾਂ ਦਿੱਤੇ ਨਿਯਮਾਂ ਅਤੇ ਸ਼ਰਤਾਂ ਨਾਲ ਸਹਿਮਤ ਹੁੰਦੇ ਹੋ। ਮੈਸੇਜ ਦੀ ਪ੍ਰਾਪਤੀ ਬੰਦ ਕਰਨ ਵਾਸਤੇ, ਅਨਸਬਸਕ੍ਰਾਇਬ ਕਰਨ ਲਈ STOP ਟੈਕਸਟ ਲਿੱਖਕੇ ਭੇਜੋ। ਮਦਦ ਲਈ, HELP ਟੈਕਸਟ ਲਿੱਖਕੇ ਭੇਜੋ।

ਜ਼ਿਆਦਾਤਰ ਵਾਇਰਲੈੱਸ ਸੇਵਾ ਪ੍ਰਦਾਤਾ ਟੈਕਸਟ ਮੈਸੇਜਿੰਗ ਸੇਵਾਵਾਂ ਪ੍ਰਦਾਨ ਕਰਦੇ ਹਨ। ਹਾਲਾਂਕਿ ਵਾਇਰਲੈੱਸ ਅੱਪਡੇਟ ਲਈ ਸਾਈਨ ਅੱਪ ਕਰਨ ਵਾਸਤੇ ਕੋਈ ਲਾਗਤ ਨਹੀਂ ਹੈ, ਪਰ ਤੁਹਾਡਾ ਵਾਇਰਲੈੱਸ ਸੇਵਾ ਪ੍ਰਦਾਤਾ ਪ੍ਰਤੀ ਮੈਸੇਜ ਲਾਗਤ ਲਗਾ ਸਕਦਾ ਹੈ। ਵਾਧੂ ਲਾਗਤ ਦੇ ਵੇਰਵਿਆਂ ਲਈ ਆਪਣੇ ਪ੍ਰਦਾਤਾ ਨਾਲ ਸੰਪਰਕ ਕਰੋ।

## ਨਿਯਮ ਅਤੇ ਸ਼ਰਤਾਂ

### ਉਪਭੋਗਤਾ ਦੀ ਗੁਪਤਤਾ

ਵਾਸ਼ਿੰਗਟਨ ਸਟੇਟ ਹੈਲਥ ਕੇਅਰ ਅਥਾਰਟੀ ਚੁਣੇ ਗਏ ਗਾਹਕ ਤੋਂ ਅੱਪਡੇਟ ਤੋਂ ਇਲਾਵਾ ਕਿਸੇ ਹੋਰ ਉਦੇਸ਼ ਲਈ ਤੁਹਾਡੇ ਮੋਬਾਈਲ ਨੰਬਰ ਨੂੰ ਸਾਂਝਾ ਨਹੀਂ ਕਰੇਗੀ ਅਤੇ ਨਾ ਹੀ ਵਰਤੇਗੀ।

### ਉਪਭੋਗਤਾ ਫੀਸ

ਵਾਸ਼ਿੰਗਟਨ ਸਟੇਟ ਹੈਲਥ ਕੇਅਰ ਅਥਾਰਟੀ, ਟੈਕਸਟ ਮੈਸੇਜ ਪ੍ਰਾਪਤ ਕਰਨ ਲਈ ਪ੍ਰਾਪਤਕਰਤਾਵਾਂ ਤੋਂ ਕੋਈ ਕੀਮਤ ਨਹੀਂ ਲੈਂਦੀ ਹੈ। ਹਾਲਾਂਕਿ, ਮੈਸੇਜ ਅਤੇ ਡੇਟਾ ਦਰਾਂ ਲਾਗੂ ਹੋ ਸਕਦੀਆਂ ਹਨ।

### ਬਾਰੰਬਾਰਤਾ

ਮੈਸੇਜ ਦੀ ਬਾਰੰਬਾਰਤਾ ਵੱਖਰੀ ਹੁੰਦੀ ਹੈ।

### ਅੱਪਟ-ਆਉਟ

ਅੱਪਟ-ਆਊਟ ਕਰਨ ਲਈ (ਮੈਸੇਜ ਪ੍ਰਾਪਤੀ ਬੰਦ ਕਰਨਾ), ਆਪਣੇ ਮੋਬਾਈਲ ਡਿਵਾਈਸ ਤੋਂ STOP ਰਿਪਲਾਈ ਕਰੋ। ਅਸੀਂ ਟੈਕਸਟ ਰਾਹੀਂ ਤੁਹਾਡੇ ਅੱਪਟ-ਆਊਟ ਦੀ ਪੁਸ਼ਟੀ ਕਰਾਂਗੇ ਅਤੇ ਤੁਹਾਨੂੰ ਵਾਸ਼ਿੰਗਟਨ ਸਟੇਟ ਹੈਲਥ ਕੇਅਰ ਅਥਾਰਟੀ ਤੋਂ ਕੋਈ ਹੋਰ ਵਾਧੂ ਮੈਸੇਜ ਪ੍ਰਾਪਤ ਨਹੀਂ ਹੋਣਗੇ ਜਦੋਂ ਤੱਕ ਤੁਸੀਂ ਦੁਬਾਰਾ ਅੱਪਟ-ਇਨ ਨਹੀਂ ਕਰਦੇ ਹੋ।

### ਵਾਰੰਟੀ

ਵਾਸ਼ਿੰਗਟਨ ਸਟੇਟ ਹੈਲਥ ਕੇਅਰ ਅਥਾਰਟੀ ਇਸ ਪ੍ਰੋਗਰਾਮ ਨਾਲ ਜੁੜੇ ਕਿਸੇ ਵੀ SMS ਮੈਸੇਜਾਂ ਦੀ ਪ੍ਰਾਪਤੀ ਵਿੱਚ ਕਿਸੇ ਵੀ ਦੇਰੀ ਲਈ ਜ਼ਿੰਮੇਵਾਰ ਨਹੀਂ ਹੈ। SMS ਮੈਸੇਜਾਂ ਦੀ ਡਿਲਿਵਰੀ ਤੁਹਾਡੇ ਵਾਇਰਲੈੱਸ ਸੇਵਾ ਪ੍ਰਦਾਤਾ/ਨੈੱਟਵਰਕ ਆਪਰੇਟਰ ਦੇ ਪ੍ਰਭਾਵੀ ਪ੍ਰਸਾਰਣ ਦੇ ਅਧੀਨ ਹੈ। ਕੈਰੀਅਰਜ਼ ਦੇਰੀ ਨਾਲ ਜਾਂ ਡਿਲੀਵਰ ਨਾ ਕੀਤੇ ਮੈਸੇਜਾਂ ਲਈ ਜ਼ਿੰਮੇਵਾਰ ਨਹੀਂ ਹਨ।

### ਕੇਸ ਵਰਣਨ ਦੀ ਵਰਤੋਂ

ਵਾਸ਼ਿੰਗਟਨ ਸਟੇਟ ਹੈਲਥ ਕੇਅਰ ਅਥਾਰਟੀ ਦੁਆਰਾ ਪ੍ਰਦਾਨ ਕੀਤੀਆਂ ਗਈਆਂ ਸਰਕਾਰੀ ਸੇਵਾਵਾਂ ਬਾਰੇ ਜਾਣਕਾਰੀ ਅਤੇ ਐਲਰਟ ਨਾਲ ਸਬੰਧਤ SMS ਮੈਸੇਜ ਵਾਸ਼ਿੰਗਟਨ ਸਟੇਟ ਹੈਲਥ ਕੇਅਰ ਅਥਾਰਟੀ ਹੀ ਭੇਜੇਗੀ।

## ਕੀ ਸਵਾਲ ਹਨ?

ਜੇਤੁਹਾਡੇ ਕੋਈ ਸਵਾਲ ਜਾਂ ਸਮੱਸਿਆਵਾਂ ਹਨ ਜਾਂ ਤੁਹਾਨੂੰ ਸਹਾਇਤਾ ਦੀ ਜ਼ਰੂਰਤ ਹੈ, ਤਾਂ ਕਿਰਪਾ ਕਰਕੇ support@granicus.com ਨਾਲ ਸੰਪਰਕ ਕਰੋ।

## ਗੁਪਤਤਾ ਨੀਤੀ

ਵਾਸ਼ਿੰਗਟਨ ਸਟੇਟ ਹੈਲਥ ਕੇਅਰ ਅਥਾਰਟੀ ਤੁਹਾਡੀ ਗੁਪਤਤਾ ਦਾ ਸਤਿਕਾਰ ਕਰਦੀ ਹੈ। ਅਸੀਂ ਤੁਹਾਡੇ ਟੈਕਸਟ ਮੈਸੇਜ ਨੂੰ ਪ੍ਰਸਾਰਿਤ ਕਰਨ ਲਈ ਸਿਰਫ਼ ਤੁਹਾਡੇ ਦੁਆਰਾ ਪ੍ਰਦਾਨ ਕੀਤੀ ਜਾਣਕਾਰੀ ਦੀ ਵਰਤੋਂ ਹੀ ਕਰਾਂਗੇ। ਫਿਰ ਵੀ, ਅਸੀਂ ਕਿਸੇ ਵੀ ਕਾਨੂੰਨ, ਨਿਯਮ, ਜਾਂ ਸਰਕਾਰੀ ਬੇਨਤੀ ਨੂੰ ਪੂਰਾ ਕਰਨ ਲਈ, ਦੇਣਦਾਰੀ ਤੋਂ ਬਚਣ ਲਈ, ਜਾਂ ਸਾਡੇ ਅਧਿਕਾਰਾਂ ਜਾਂ ਸੰਪਤੀ ਦੀ ਸੁਰੱਖਿਆ ਕਰਨ ਲਈ ਜ਼ਰੂਰੀ ਹੋਣ 'ਤੇ ਕਿਸੇ ਵੀ ਜਾਣਕਾਰੀ ਦਾ ਖੁਲਾਸਾ ਕਰਨ ਦਾ ਅਧਿਕਾਰ ਹਮੇਸ਼ਾ ਰਾਖਵਾਂ ਰੱਖਦੇ ਹਾਂ।

ਜਦੋਂ ਤੁਸੀਂ ਔਨਲਾਈਨ ਫਾਰਮ ਭਰਦੇ ਹੋ ਜਾਂ ਵਾਇਰਲੈੱਸ ਮੈਸੇਜ ਸੇਵਾ ਦੇ ਸਬੰਧ ਵਿੱਚ ਕਿਸੇ ਸੰਸਥਾ ਨੂੰ ਜਾਣਕਾਰੀ ਪ੍ਰਦਾਨ ਕਰਦੇ ਹੋ, ਤਾਂ ਤੁਸੀਂ ਸਹੀ, ਸੰਪੂਰਨ ਅਤੇ ਸੱਚੀ ਜਾਣਕਾਰੀ ਪ੍ਰਦਾਨ ਕਰਨ ਲਈ ਸਹਿਮਤ ਹੁੰਦੇ ਹੋ। ਤੁਸੀਂ ਝੂਠੇ ਜਾਂ ਗੁੰਮਰਾਹ ਕਰਨ ਵਾਲੇ ਨਾਂ ਜਾਂ ਉਹ ਨਾਂ ਜਿਸਦੀ ਵਰਤੋਂ ਲਈ ਤੁਸੀਂ ਅਧਿਕਾਰਤ ਨਹੀਂ ਹੋ, ਉਸਦਾ ਇਸਤੇਮਾਲ ਨਹੀਂ ਕਰਨ ਲਈ ਸਹਿਮਤ ਹੋ। ਜੇ ਅਸੀਂ, ਆਪਣੇ ਇਕੱਲੇ ਵਿਵੇਕ ਨਾਲ, ਇਹ ਮੰਨਦੇ ਹਾਂ ਕਿ ਅਜਿਹੀ ਕੋਈ ਵੀ ਜਾਣਕਾਰੀ ਝੂਠੀ, ਗਲਤ, ਜਾਂ ਅਧੂਰੀ ਹੈ, ਤਾਂ ਅਸੀਂ ਤੁਹਾਨੂੰ ਸੇਵਾ ਦੀ ਵਰਤੋਂ ਕਰਨ ਤੋਂ ਇਨਕਾਰ ਕਰ ਸਕਦੇ ਹਾਂ ਅਤੇ ਕੋਈ ਵੀ ਢੁਕਵੇਂ ਕਾਨੂੰਨੀ ਉਪਾਅ ਲਾਗੂ ਕਰ ਸਕਦੇ ਹਾਂ।